**01/C**

**601/C**

**Roll No. :** ..............

**Total No. of Questions : 11 ]** **[ Total No. of Printed Pages : 4**

# X

**2023-24**

**ਸਲਾਨਾ ਪਰੀਖਿਆ ਪ੍ਰਨਾਲ਼ੀ**

# PUNJABI

## Paper-A

**(Morning Session)**

**Time Allowed : 3 Hours** **Maximum Marks : 65**

**ਨੋਟ :** *(i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ ਪੇਪਰ-ਕੋਡ **01/C** ਜ਼ਰੂਰ ਦਰਜ ਕਰੋ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ **24** ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(iv)* **ਕੋਈ ਵਾਧੂ ਸ਼ੀਟ ਨਹੀਂ ਮਿਲ਼ੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।**

*(v)* **05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ । ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੈ ।**

*(vi)* **ਪ੍ਰਸ਼ਨ-ਪੱਤਰ ਵਿੱਚ ਕੁੱਲ 11 ਪ੍ਰਸ਼ਨ ਹਨ ।**

*(vii)* **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ । 5

2. ਵਸਤੂਨਿਸ਼ਠ ਪ੍ਰਸ਼ਨ : 8+8+4=20

**ਭਾਗ —ੳ** 2×4=8

(ੳ) 'ਮੇਰੇ ਵੱਡੇ-ਵਡੇਰੇ' ਨਿਬੰਧ ਵਿੱਚ ਬਾਬਿਆਂ ਦੀ ਛੋਟੀ ਭੈਣ ਕਿਸ ਫ਼ਸਲ ਦੇ ਸਿੱਟਿਆਂ ਦੀ ਪੰਡ ਬੰਨ੍ਹ ਕੇ ਲਿਆਈ ? 2

(ਅ) ਕਾਲੀਦਾਸ ਦੇ ਨਾਟਕਾਂ ਦਾ ਅੰਤ ਕਿਸ ਤਰ੍ਹਾਂ ਦਾ ਹੈ ? 2

(ੲ) ਸ਼ਾਹ ਹੁਸੈਨ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ ? 2

(ਸ) 'ਚੰਡੀ ਦੀ ਵਾਰ' ਪੜ੍ਹਨ ਉਪਰੰਤ ਕਿਹੜਾ ਭਾਵ ਉਪਜਦਾ ਹੈ ? 2

**ਭਾਗ —ਅ** 2×4=8

(ਹ) ਸੰਤ ਸਿੰਘ ਸੇਖੋਂ ਦਾ ਇਕਾਂਗੀ 'ਦੂਜਾ ਵਿਆਹ' ਵਿੱਚ ਨਿਹਾਲ ਕੌਰ ਦੂਜੇ ਵਿਆਹ ਦਾ ਡਰਾਵਾ ਕਿਸ ਨੂੰ ਦਿੰਦੀ ਹੈ ? 2

(ਕ) 'ਨਾਇਕ' ਇਕਾਂਗੀ ਵਿੱਚ ਇਕਾਂਗੀ ਦਾ ਨਾਇਕ ਕਿਸ ਚੀਜ਼ ਦੀ ਪ੍ਰਾਪਤੀ ਲਈ ਭਟਕ ਰਿਹਾ ਸੀ ? 2

(ਖ) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਕਿਹੜੇ ਦੇਸ ਨਾਲ਼ ਲੜਾਈ ਦਾ ਜ਼ਿਕਰ ਹੈ ? 2

(ਗ) 'ਬਾਗ਼ੀ ਦੀ ਧੀ' ਕਹਾਣੀ ਦਾ ਸਮਾਂ ਕਿਹੜਾ ਹੈ ? 2

**ਭਾਗ —ੲ** 2×2=4

(ਘ) 'ਇੱਕ ਹੋਰ ਨਵਾਂ ਸਾਲ' ਨਾਵਲ ਵਿੱਚ ਕਿਸ ਰਾਜ ਦੀ ਗੱਲ ਕੀਤੀ ਗਈ ਹੈ ? 2

(ਙ) 'ਇੱਕ ਹੋਰ ਨਵਾਂ ਸਾਲ' ਨਾਵਲ ਵਿੱਚ ਕਿਹੜਾ ਸ਼ਾਇਰ ਮਜ਼ਦੂਰਾਂ-ਕਿਸਾਨਾਂ ਬਾਰੇ ਕਵਿਤਾ ਲਿਖਣ ਦੀ ਗੱਲ ਕਰਦਾ ਹੈ ? 2

3. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਭਗ **150** ਸ਼ਬਦਾਂ ਵਿੱਚ ਲਿਖੋ : 2+3=5

(ੳ) ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ।।
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ।।
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ।।
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ।।
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ।।

**ਜਾਂ**

(ਅ) ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ ।
ਆਸ਼ਕ ਵੇਖ ਬਹੇ ਇੱਕ ਵਾਰੀ ਜੀਉ ਤਿਨ੍ਹਾ ਪਰ ਵਾਰੇ ।
ਬਾਲੂ ਰੇਤ ਤਪੇ ਵਿੱਚ ਥਲ ਦੇ, ਜੌਂ ਭੁੰਨਣ ਭਠਿਆਰੇ ।
ਹਾਸ਼ਮ ਵੇਖ ਯਕੀਨ ਸੱਸੀ ਦਾ, ਫੇਰ ਨਹੀਂ ਦਿਲ ਹਾਰੇ ।

4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ : 4

(ੳ) ਸੋ ਕਿਉ ਮੰਦਾ ਆਖੀਐ (ਗੁਰੂ ਨਾਨਕ ਦੇਵ ਜੀ)

(ਅ) ਜੰਗ ਦਾ ਹਾਲ (ਸ਼ਾਹ ਮੁਹੰਮਦ)

5. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 5

(ੳ) ਬਾਬਾ ਰਾਮ ਸਿੰਘ ਕੂਕਾ (ਸ. ਕਪੂਰ ਸਿੰਘ)

(ਅ) ਮੇਰੇ ਵੱਡੇ-ਵਡੇਰੇ (ਗਿਆਨੀ ਗੁਰਦਿੱਤ ਸਿੰਘ)

6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਆਪਣੀ ਪਾਠ-ਪੁਸਤਕਾਂ ਦੇ ਆਧਾਰ 'ਤੇ ਲਿਖੋ : 2+2=4

(ੳ) 'ਅਮੀਰ ਘਰਾਂ ਵਿੱਚ ਜੇ ਕਿਸੇ ਦੀ ਸਿਹਤ ਠੀਕ ਹੁੰਦੀ ਹੈ ਤਾਂ ਨੌਕਰਾਂ ਦੀ ਹੀ ਹੁੰਦੀ ਹੈ ।' ਇਸ ਕਥਨ ਦੀ ਵਿਆਖਿਆ ਕਰੋ । 2

(ਅ) ਛਾਪੇ ਪਿੰਡ ਵਾਲ਼ਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ ? 2

(ੲ) ਬਾਬਾ ਰਾਮ ਸਿੰਘ ਜੀ ਨੇ ਜੋ ਉਪਦੇਸ਼ ਦਿੱਤੇ ਹਨ, ਉਹਨਾਂ ਨੂੰ ਸੰਖੇਪ ਵਿੱਚ ਲਿਖੋ । 2

(ਸ) ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ-ਜਿਹੀ ਤਬਦੀਲੀ ਆਈ ? 2

7. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ **ਇੱਕ** ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ : 5

(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)

(ਅ) ਧਰਤੀ ਹੇਠਲਾ ਬਲ਼ਦ (ਕੁਲਵੰਤ ਸਿੰਘ ਵਿਰਕ)

8. ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਦੋ** ਦੇ ਉੱਤਰ ਲਿਖੋ : 2+2=4

(ੳ) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ ? 2

(ਅ) ਬੰਮ ਨੂੰ ਮਾਤਾ ਦੀਨ ਨਾਲ਼ ਕਿਸ ਗੱਲੋਂ ਈਰਖਾ ਸੀ ? 2

(ੲ) ਮਾਸੀ ਇੰਗਲੈਂਡ ਤੋਂ ਇੰਡੀਆ ਨੂੰ ਮੁੜ ਕਿਉਂ ਪਰਤ ਆਉਣਾ ਚਾਹੁੰਦੀ ਹੈ ? 2

(ਸ) ਲੇਖਕ, ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ ? 2

9. **ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ :** **5**

(ੳ) ਥਾਣੇਦਾਰ (ਇਕਾਂਗੀ : ਬੰਬ-ਕੇਸ)

(ਅ) ਜ਼ੀਨਤ-ਉਨ-ਨਿਸਾ (ਇਕਾਂਗੀ : ਜ਼ਫਰਨਾਮਾ)

10. **ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ :** **1+1+1=3**

(ੳ) "ਓ ਗੌਡ! ਹਮਰਾ ਸਾਥ ਕੈਸਾ ਸ਼ੇਮਫ਼ੁਲ ਧੋਕਾ ਹੂਆ। ਆਪ ਪੰਜਾਬੀ ਲੋਕ ਕਾ ਬਰਾਡਰੀ ਯਿਹ ਹੋਟਾ! ਆਪ ਔਰਟ ਕੋ ਘਰ ਮੇਂ ਭੀ ਐਸਾ ਡੀਸੀਵ ਕਰਟਾ ਔਰ ਦੂਸਰਾ ਮੁਲਕ ਮੇਂ ਜਾ ਕਰ ਭੀ ਡੀਸੀਵ ਕਰਟਾ ? ਸ਼ਰਮ ਕਾ ਬਾਟ, ਸ਼ੇਮ! ਸ਼ੇਮ।"

**ਪ੍ਰਸ਼ਨ :**

(i) ਮਰਸੀ 'ਸ਼ਰਮ ਕਾ ਬਾਟ, ਸ਼ੇਮ! ਸ਼ੇਮ!' ਕਿਉਂ ਕਹਿੰਦੀ ਹੈ ? **1**

(ii) ਮਰਸੀ ਆਪਣੇ ਨਾਲ਼ ਹੋਏ ਕਿਸ ਧੋਖੇ ਦੀ ਗੱਲ ਕਰਦੀ ਹੈ ? **1**

(iii) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? **1**

**ਜਾਂ**

(ਅ) "ਮੇਰਾ ਤਾਂ ਕੋਈ ਨਹੀਂ ਕਰਦਾ ਜੀਅ, ਤੁਸੀਂ ਆਪਣੇ ਪੁੱਤਰ ਦੇ ਦੂਜੇ ਵਿਆਹ ਦੇ ਡਰਾਵੇ ਦਿੰਦੇ ਰਹਿੰਨੇ ਓ। ਪਰ, ਮਾਂ ਜੀ, ਮੈਂ ਮਗਰੋਂ ਨਹੀਂ ਲਹਿਣ ਵਾਲ਼ੀ, ਐਡੀ ਸੌਖੀ। ਤੁਸੀਂ ਕਰੋ ਸਹੀ, ਆਪਣੇ ਪੁੱਤ ਦਾ ਦੂਜਾ ਵਿਆਹ, ਮੈਂ ਤੁਹਾਡੇ ਦਰ 'ਤੇ ਸ਼ਹੀਦ ਹੋ ਕੇ ਨਾ ਮਰ ਜਾਵਾਂ।"

**ਪ੍ਰਸ਼ਨ :**

(i) ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ? **1**

(ii) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਹੈ ? **1**

(iii) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ? **1**

11. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ **ਇੱਕ** ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ : **5**

(ੳ) ਤਾਰੋ

(ਅ) ਦਿਆਲਾ